**ਇਸ ਪਾਲਸੀ ਵਿੱਚ, ਨਿਵੇਸ਼-ਸੂਚੀ ਵਿੱਚ ਨਿਵੇਸ਼ ਕਰਨ ਦਾ ਜੋਖਮ ਪਾਲਸੀਧਾਰਕ ਦੁਆਰਾ ਝੱਲਿਆ ਜਾਂਦਾ ਹੈ।**

''ਯੂਨਿਟ ਲਿੰਕਡ ਬੀਮਾ ਪ੍ਰੋਡਕਟ ਇਕਰਾਰਨਾਮੇ ਦੇ ਪਹਿਲੇ ਪੰਜ ਸਾਲਾਂ ਦੌਰਾਨ ਪੈਸੇ ਕਢਵਾਉਣ ਦੀ ਸਹੂਲਤ ਨਹੀਂ ਦਿੰਦੇ। ਪਾਲਸੀਧਾਰਕ ਯੂਨਿਟ ਲਿੰਕਡ ਬੀਮਾ ਪ੍ਰੋਡਕਟਾਂ ਵਿੱਚ ਨਿਵੇਸ਼ ਕੀਤੇ ਪੈਸੇ ਪੰਜਵੇਂ ਸਾਲ ਦੇ ਅੰਤ ਤਕ ਪੂਰੀ ਤਰ੍ਹਾਂ ਜਾਂ ਆਂਸ਼ਿਕ ਰੂਪ ਵਿੱਚ ਸਮਰਪਣ ਨਹੀਂ ਕਰ ਸਕਦੇ/ਕਢਵਾ ਨਹੀਂ ਸਕਦੇ ।''

## ਐਸਬੀਆਈ ਲਾਈਫ਼ – ਸਮਾਰਟ ਵੈਲਥ ਬਿਲਡਰ ਕਿਉਂ?

ਹਮੇਸ਼ਾ ਤੁਹਾਡਾ ਮੰਤਵ ਹੁੰਦਾ ਹੈ ਜ਼ਿੰਦਗੀ ਵਿੱਚ ਤਰੱਕੀ ਕਰਨਾ, ਤਾਂ ਜੋ ਤੁਸੀਂ ਆਪਣੇ ਨਿੱਜੀ ਅਤੇ ਆਰਥਿਕ ਟੀਚੇ ਪ੍ਰਾਪਤ ਕਰ ਸਕੋ। ਜਦੋਂ ਤੁਸੀਂ ਆਪਣੇ ਨਿੱਜੀ ਟੀਚੇ ਹਾਸਲ ਕਰਨ ਲਈ ਕੰਮ ਕਰਦੇ ਹੋ, **ਐਸਬੀਆਈ ਲਾਈਫ਼ – ਸਮਾਰਟ ਵੈਲਥ ਬਿਲਡਰ** ਤੁਹਾਡੇ ਪਰਿਵਾਰ ਦੀ ਆਰਥਿਕ ਸੁਰੱਖਿਆ ਦਾ ਖ਼ਿਆਲ ਰੱਖਣ ਦੇ ਨਾਲ ਨਾਲ ਬਾਜ਼ਾਰ ਨਾਲ ਜੁੜੇ ਮੁਨਾਫ਼ਿਆਂ ਰਾਹੀਂ ਤੁਹਾਡੇ ਦੌਲਤ ਪੈਦਾ ਕਰਨ ਦੇ ਮੌਕੇ ਵਿੱਚ ਵੀ ਵਾਧਾ ਕਰਦੀ ਹੈ।

- **ਸੁਰੱਖਿਆ** : ਕਿਸੇ ਵੀ ਘਟਨਾ ਦੇ ਮਾਮਲੇ ਵਿੱਚ, ਪਰਿਵਾਰ ਦੀਆਂ ਆਰਥਿਕ ਜ਼ਰੂਰਤਾਂ ਦੀ ਜ਼ਿੰਮੇਵਾਰੀ ਲਈ ਜਾਵੇਗੀ।
- **ਲੰਬੇ ਸਮੇਂ ਵਿੱਚ ਪੈਸੇ ਬਣਾਓ** : ਇੱਕ ਸਾਲਾਨਾ ਰੈਗੂਲਰ ਪ੍ਰੀਮੀਅਮ ਦੇ 125% ਤੱਕ ਦੇ ਗਾਰੰਟੀ ਨਾਲ ਵਾਧਿਆਂ# ਅਤੇ ਮਾਰਕੀਟ ਲਿੰਕਡ ਮੁਨਾਫ਼ਿਆਂ ਦੇ ਨਾਲ ਨਾਲ ਲਾਭ ਪ੍ਰਾਪਤ ਕਰਕੇ ਟੀਚੇ ਪ੍ਰਾਪਤ ਕਰਨ ਲਈ ਬੱਚਤ ਕੀਤੀ ਜਾ ਸਕਦੀ ਹੈ।
- 11ਵੇਂ ਵਰ੍ਹੇ ਤੋਂ ਲੈ ਕੇ ਪ੍ਰੀਮੀਅਮ ਦੇ ਵੰਡਾਰੇ ਦਾ ਕੋਈ ਖ਼ਰਚਾ ਨਹੀਂ।
- **ਸਹੂਲਤ** : ਪਾਲਸੀ ਅਧੀਨ ਹੇਠਾਂ ਲਿਖੀਆਂ ਸਹੂਲਤਾਂ ਮਿਲਦੀਆਂ ਹਨ :
    - ਨਿਯਮਿਤ ਜਾਂ ਸੀਮਿਤ ਸਮੇਂ ਲਈ ਜਾਂ ਇਕੋ ਵਾਰੀ ਇੱਕ-ਮੁੱਠ ਪ੍ਰੀਮੀਅਮ ਭਰਨ ਦਾ ਵਿਕਲਪ।
    - 11ਵੇਂ ਫ਼ੰਡ ਵਿਕਲਪਾਂ ਵਿੱਚੋਂ ਚੁਣਨ ਅਤੇ ਇਹਨਾਂ ਫ਼ੰਡਾਂ ਵਿਚਕਾਰ ਨਿਵੇਸ਼ ਬਦਲੀ ਕਰਨ ਦਾ ਵਿਕਲਪ।
    - 'ਨਿਪਟਾਰਾ ਵਿਕਲਪ' ਰਾਹੀਂ ਮੌਤ ਤੋਂ ਬਾਅਦ ਲਾਭ ਇੱਕ-ਮੁੱਠ ਜਾਂ ਨਿਯਤਕਾਲੀ ਕਿਸ਼ਤਾਂ ਵਿੱਚ ਲਵੋ। ਨਿਪਟਾਰੇ ਦੇ ਸਮੇਂ ਦੌਰਾਨ, ਨਿਵੇਸ਼ ਸੂਚੀ ਵਿੱਚ ਨਿਵੇਸ਼ ਕਰਨ ਦਾ ਜੋਖਮ ਲਾਭ-ਪਾਤਰ ਦੁਆਰਾ ਝੱਲਿਆ ਜਾਵੇਗਾ।
- **ਨਗਦ ਪ੍ਰਾਪਤ ਕਰੋ** : ਬੀਮੇ ਵਾਲੇ ਵਿਅਕਤੀ ਦੁਆਰਾ 6ਵੇਂ ਪਾਲਸੀ ਸਾਲ ਤੋਂ ਅੱਗੇ ਜਾਂ 18 ਸਾਲਾਂ ਦੀ ਉਮਰ ਹੋਣ ਤੇ, ਜੋ ਵੀ ਬਾਅਦ ਵਿੱਚ ਹੋਵੇ, ਆਂਸ਼ਿਕ ਪੈਸੇ ਕਢਵਾਏ ਜਾ ਸਕਦੇ ਹਨ।
- **ਕਰ ਲਾਭ**** : ਆਮਦਨੀ ਕਰ ਕਾਨੂੰਨ, 1961 ਅਧੀਨ ਮੌਜੂਦਾ ਮਾਪਦੰਡਾਂ ਅਨੁਸਾਰ।


#10ਵੇਂ ਪਾਲਸੀ ਸਾਲ ਦੇ ਅੰਤ ਤੇ ਅਤੇ ਉਸ ਤੋਂ ਬਾਅਦ ਹਰ ਪੰਜ ਸਾਲਾਂ ਤੇ ਸਾਲਾਨਾ ਪ੍ਰੀਮੀਅਮ/ਸਿੰਗਲ ਪ੍ਰੀਮੀਅਮ ਦੀ ਪਹਿਲਾਂ ਤੋਂ ਤੈਅ ਪ੍ਰਤੀਸ਼ਤ ਤੇ ਸ਼ਰਤੀਆ ਵਾਧੇ ਫ਼ੰਡ ਮੁੱਲ ਵਿੱਚ ਪਾਏ ਜਾਣਗੇ, ਬਸ਼ਰਤੇ ਪ੍ਰਸਤਾਵਿਤ ਵਾਧੇ ਦੀ ਮਿਤੀ ਵੇਲੇ ਪਾਲਸੀ ਪ੍ਰਚਲਿਤ ਹੋਵੇ। ਜਿੰਨੀ ਲੰਬੀ ਪਾਲਸੀ ਦੀ ਮਿਆਦ ਹੋਵੇਗੀ, ਉਨੇ ਹੀ ਵੱਧ ਗਾਰੰਟੀਸ਼ੁਦਾ ਵਾਧੇ ਹੋਣਗੇ। ਨਿਯਮਿਤ ਪ੍ਰੀਮੀਅਮ ਪਲਾਨ ਅਧੀਨ 30 ਸਾਲਾਂ ਦੀ ਪਾਲਸੀ ਦੀ ਮਿਆਦ ਚੁਣਨ ਤੇ ਵੱਧ ਤੋਂ ਵੱਧ 125% ਗਾਰੰਟੀਸ਼ੁਦਾ ਵਾਧੇ ਮਿਲਣਗੇ ।

**ਕਰ ਲਾਭ ਆਮਦਨੀ ਕਰ ਕਾਨੂੰਨਾਂ ਅਨੁਸਾਰ ਹਨ ਅਤੇ ਸਮੇਂ-ਸਮੇਂ ਤੇ ਬਦਲੀ ਅਧੀਨ ਹਨ । ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਤੋਂ ਸਲਾਹ ਲਓ।


## ਉਦਾਹਰਣ

| ਸ਼੍ਰੀ ਸੰਜੈ ਨੇ ਐਸਬੀਆਈ ਲਾਈਫ਼ – ਸਮਾਰਟ ਵੈਲਥ ਬਿਲਡਰ ਪਾਲਸੀ ਲਈ ਹੈ । ਉਸ ਦੇ ਵੇਰਵੇ ਹੇਠਾਂ ਲਿਖੇ ਅਨੁਸਾਰ ਹਨ : | | |
|---|---|---|
| ਉਮਰ – 35 ਸਾਲ | ਪਲਾਨ ਟਾਈਪ – ਰੈਗੂਲਰ<br>ਵਕਫ਼ਾ – ਸਾਲਾਨਾ | ਪਾਲਸੀ ਦੀ ਮਿਆਦ – 30 ਸਾਲ<br>ਪ੍ਰੀਮੀਅਮ ਭਰਨ ਦੀ ਮਿਆਦ (PPT) – 30 ਸਾਲ |
| ਸਾਲ ਦਾ ਪ੍ਰੀਮੀਅਮ – ₹50,000 ਸਾਲਾਨਾ | ਮੂਲ ਬੀਮੇ ਦੀ ਰਕਮ – ₹ 5,00,000 | ਫ਼ੰਡ – 100% ਇਕਵਿਟੀ ਫ਼ੰਡ |

1. **ਪਰਿਪੱਕਤਾ ਲਾਭ (ਇਕ-ਮੁੱਠ ਰਕਮ)** : ਮਿਆਦ ਪੂਰੀ ਹੋਣ ਦੀ ਮਿਤੀ ਵੇਲੇ, ਨਿਵੇਸ਼ ਦੇ ਫਰਜ਼ ਕੀਤੇ ਮੁਨਾਫ਼ਿਆਂ ਦੇ ਅਧਾਰ ਤੇ, ਸੰਜੈ ਦੇ ਪਰਿਪੱਕਤਾ ਲਾਭ ਹੇਠਾਂ ਦਿੱਤੀ ਅਨੁਸਾਰ ਹਨ :




2. **ਮੌਤ ਤੋਂ ਬਾਅਦ ਲਾਭ (ਇਕ-ਮੁੱਠ ਰਕਮ)** : 20ਵੇਂ ਪਾਲਸੀ ਸਾਲ ਦੇ ਅੰਤ ਤੇ ਬਦਕਿਸਮਤੀ ਨਾਲ ਸੰਜੈ ਦੀ ਮੌਤ ਹੋਣ ਦੇ ਮਾਮਲੇ ਵਿੱਚ, ਨਿਵੇਸ਼ ਦੇ ਫਰਜ਼ ਕੀਤੇ ਮੁਨਾਫ਼ਿਆਂ ਦੇ ਆਧਾਰ ਤੇ ਮੌਤ ਤੋਂ ਬਾਅਦ ਲਾਭ ਹੇਠਾਂ ਦਿੱਤੀ ਸੂਚੀ ਅਨੁਸਾਰ ਹਨ :




^^ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਬਾਜ਼ਾਰ ਦੇ ਜੋਖਮਾਂ ਅਧੀਨ ਹਨ। ਇਸ ਪਾਲਸੀ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।

## ਯੋਜਨਾ ਦੇ ਵੇਰਵੇ

| | | | |
|---|---|---|---|
| **ਦਾਖ਼ਲੇ ਵੇਲੇ ਉਮਰ*** | **ਘੱਟੋ-ਘੱਟ :** 2 ਸਾਲ[$$] | **ਵੱਧ ਤੋਂ ਵੱਧ :** 55 ਸਾਲ | |
| **ਮਿਆਦ ਵੇਲੇ ਉਮਰ*** | **ਘੱਟੋ-ਘੱਟ :** 18 ਸਾਲ | **ਵੱਧ ਤੋਂ ਵੱਧ :** 70 ਸਾਲ | |
| **ਪਲਾਨ ਦੀ ਕਿਸਮ** | ਰੈਗੂਲਰ ਪ੍ਰੀਮੀਅਮ/ਲਿਮਿਟੇਡ ਪ੍ਰੀਮੀਅਮ/ਸਿੰਗਲ ਪ੍ਰੀਮੀਅਮ | | |
| **ਪ੍ਰੀਮੀਅਮ ਭਰਨ ਦੀ ਮਿਆਦ (ਪੀਪੀਟੀ) ਅਤੇ ਸਬੰਧਿਤ ਪਾਲਸੀ ਦੀ ਮਿਆਦ (ਪੀਟੀ)** | **ਪਲਾਨ ਦੀ ਕਿਸਮ** | **ਪਾਲਸੀ ਦੀ ਮਿਆਦ (ਸਾਲ)** | **ਪ੍ਰੀਮੀਅਮ ਭਰਨ ਦੀ ਮਿਆਦ (ਸਾਲ)** |
| | **ਰੈਗੂਲਰ ਪ੍ਰੀਮੀਅਮ** | 12 ਤੋਂ 30 ਸਾਲ (ਦੋਵਾਂ ਸਮੇਤ) | ਪਾਲਸੀ ਦੀ ਮਿਆਦ ਜਿੰਨੀ ਹੀ |
| | **ਲਿਮਿਟੇਡ ਪ੍ਰੀਮੀਅਮ ਪੇਮੈਂਟ ਟਰਮ (ਐਲਪੀਪੀਟੀ)** | 12 ਤੋਂ 14 ਸਾਲ (ਦੋਵਾਂ ਸਮੇਤ) | 7 |
| | | 15 ਤੋਂ 19 ਸਾਲ (ਦੋਵਾਂ ਸਮੇਤ) | 7/10/12 |
| | | 20 ਤੋਂ 30 ਸਾਲ (ਦੋਵਾਂ ਸਮੇਤ) | 7/10/12/15 |
| | **ਸਿੰਗਲ ਪ੍ਰੀਮੀਅਮ** | 5 ਤੋਂ 30 ਸਾਲ (ਦੋਵਾਂ ਸਮੇਤ) | ਇਕ ਵਾਰ ਅਦਾਇਗੀ ਪਾਲਸੀ ਸ਼ੁਰੂ ਹੋਣ ਤੇ |
| **ਪ੍ਰੀਮੀਅਮ ਦੀ ਰਕਮ (₹100 ਦੇ ਗੁਣਜਾਂ ਵਿੱਚ)** | **ਪਲਾਨ ਦੀ ਕਿਸਮ** | **ਘੱਟੋ-ਘੱਟ (₹)** | **ਵੱਧ ਤੋਂ ਵੱਧ (₹)** |
| | **ਰੈਗੂਲਰ ਪ੍ਰੀਮੀਅਮ (ਸਾਲਾਨਾ)** | ₹ 30,000 | ₹2,50,000; ਜੋ ਬੋਰਡ ਦੁਆਰਾ ਮਨਜ਼ੂਰ ਅੰਡਰਰਾਈਟਿੰਗ ਨੀਤੀ ਦੇ ਅਧੀਨ |
| | **ਲਿਮਿਟੇਡ ਪ੍ਰੀਮੀਅਮ ਪੇਮੈਂਟ (ਸਾਲਾਨਾ)** | ₹40,000 | |
| | **ਸਿੰਗਲ ਪ੍ਰੀਮੀਅਮ** | ₹65,000 | |
| **ਪ੍ਰੀਮੀਅਮ ਭਰਨ ਦੇ ਵਕਫ਼ੇ** | ਸਿੰਗਲ/ਸਾਲਾਨਾ | | |
| **ਮੂਲ ਬੀਮੇ ਦੀ ਰਕਮ** | **ਪਲਾਨ ਦੀ ਕਿਸਮ** | | |
| | **ਰੈਗੂਲਰ ਪ੍ਰੀਮੀਅਮ ਅਤੇ ਲਿਮਿਟੇਡ ਪ੍ਰੀਮੀਅਮ ਪੇਮੈਂਟ ਟਰਮ** | | 10 x ਸਾਲ ਦਾ ਪ੍ਰੀਮੀਅਮ[1] |
| | **ਸਿੰਗਲ ਪ੍ਰੀਮੀਅਮ** | | 1.25 x ਸਿੰਗਲ ਪ੍ਰੀਮੀਅਮ |

*ਉਮਰ ਸਬੰਧੀ ਸਾਰੇ ਹਵਾਲੇ ਪਿਛਲੇ ਜਨਮ ਦਿਨ ਅਨੁਸਾਰ ਹਨ।

[$$]ਬੀਮੇ ਵਾਲੇ ਨਾਬਾਲਗ ਵਿਅਕਤੀਆਂ ਦੇ ਮਾਮਲੇ ਵਿੱਚ, ਪਾਲਸੀ ਦੀ ਮਿਆਦ ਸਹੀ ਢੰਗ ਨਾਲ ਚੁਣਨੀ ਚਾਹੀਦੀ ਹੈ, ਤਾਂ ਜੋ ਮਿਆਦ ਪੂਰੀ ਹੋਣ ਵੇਲੇ ਬੀਮੇ ਵਾਲਾ ਵਿਅਕਤੀ ਯਕੀਨੀ ਤੌਰ ਤੇ ਬਾਲਗ ਹੋਣਾ ਚਾਹੀਦਾ ਹੈ। ਬੀਮੇ ਵਾਲੇ ਨਾਬਾਲਗ ਵਿਅਕਤੀਆਂ ਦੇ ਮਾਮਲੇ ਵਿੱਚ, ਪਾਲਸੀ ਸ਼ੁਰੂ ਹੋਣ ਦੀ ਤਾਰੀਖ਼ ਅਤੇ ਜੋਖਮ ਸ਼ੁਰੂ ਹੋਣ ਦੀ ਤਾਰੀਖ਼ ਇੱਕੋ ਹੋਣੀ ਚਾਹੀਦੀ ਹੈ।

[1]ਜਿੱਥੇ ਵਾਰਸ਼ੀਕ੍ਰਿਤ ਜਾਂ ਸਾਲ ਦੇ ਪ੍ਰੀਮੀਅਮ ਦਾ ਮਤਲਬ ਹੈ ਇਕ ਸਾਲ ਵਿੱਚ ਲਾਗੂ ਕਰ ਛੱਡ ਕੇ ਭਰੀ ਜਾਣ ਵਾਲੀ ਪ੍ਰੀਮੀਅਮ ਦੀ ਰਕਮ।

ਵੱਖ-ਵੱਖ ਖ਼ਰਚੇ, ਜਿਵੇਂ 'ਪ੍ਰੀਮੀਅਮ ਦੇ ਵੰਡਾਰੇ ਦੇ ਖ਼ਰਚੇ', 'ਪਾਲਸੀ ਦੇ ਪ੍ਰਸ਼ਾਸਨਕ ਖ਼ਰਚੇ', 'ਫ਼ੰਡ ਦੇ ਪ੍ਰਬੰਧ ਦੇ ਖ਼ਰਚੇ' ਆਦਿ ਕੱਟੇ ਜਾਂਦੇ ਹਨ। ਪ੍ਰੀਮੀਅਮ ਦੇ ਵੰਡਾਰੇ ਦੇ ਖ਼ਰਚਿਆਂ ਅਤੇ ਮੌਤ-ਦਰ ਖ਼ਰਚਿਆਂ ਨੂੰ ਛੱਡ ਕੇ ਬਾਕੀ ਸਾਰੇ ਖ਼ਰਚੇ ਆਈਆਰਡੀਏਆਈ ਦੀ ਅਗਾਊਂ ਮਨਜ਼ੂਰੀ ਨਾਲ ਸੋਧੇ ਜਾ ਸਕਦੇ ਹਨ। ਖ਼ਰਚਿਆਂ ਦੀ ਪੂਰੀ ਸੂਚੀ ਅਤੇ ਉਹਨਾਂ ਦੀ ਕਾਰਜ-ਵਿਧੀ ਲਈ, ਕਿਰਪਾ ਕਰਕੇ ਵਿੱਕਰੀ ਪਰਚਾ ਵੇਖੋ।

ਪਹਿਲੇ 5 ਪਾਲਸੀ ਸਾਲਾਂ ਵਿੱਚ ਸਮਰਪਣ ਦੀ ਬੇਨਤੀ ਦੇ ਮਾਮਲੇ ਵਿੱਚ, ਫ਼ੰਡ ਦਾ ਮੁੱਲ 6ਵੇਂ ਪਾਲਸੀ ਸਾਲ ਦੇ ਪਹਿਲੇ ਕਾਰੋਬਾਰੀ ਦਿਨ ਨੂੰ ਦਿੱਤਾ ਜਾਵੇਗਾ। ਸਮਰਪਣ ਦੀ ਬੇਨਤੀ 5 ਪਾਲਸੀ ਸਾਲਾਂ ਤੋਂ ਬਾਅਦ ਆਉਣ ਦੇ ਮਾਮਲੇ ਵਿੱਚ ਫ਼ੰਡ ਦਾ ਮੁੱਲ ਤੁਰੰਤ ਦੇ ਦਿੱਤਾ ਜਾਵੇਗਾ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

ਕ) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੁਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੁਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੁਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।

ਖ) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ - ਸਮਾਰਟ ਵੈਲਥ ਬਿਲਡਰ ਇੱਕ ਵਿਅਕਤੀਗਤ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਰਵਾਇਤੀ ਬੀਮਾ ਪਾਲਸੀਆਂ ਨਾਲੋਂ ਵੱਖਰੀਆਂ ਅਤੇ ਬਾਜ਼ਾਰ ਜੋਖਮ ਤੱਤਾਂ ਅਧੀਨ ਹਨ। ਯੂਨਿਟ ਲਿੰਕਡ ਪਾਲਸੀਆਂ ਵਿੱਚ ਭਰੇ ਪ੍ਰੀਮੀਅਮ, ਪੂੰਜੀ ਬਾਜ਼ਾਰ ਨਾਲ ਜੁੜੇ ਨਿਵੇਸ਼ ਜੋਖਮਾਂ ਅਧੀਨ ਹੁੰਦੇ ਹਨ ਅਤੇ ਯੂਨਿਟਾਂ ਦੇ ਐੱਨਏਵੀ ਫ਼ੰਡ ਦੀ ਕਾਰਗੁਜ਼ਾਰੀ ਅਤੇ ਪੂੰਜੀ ਬਾਜ਼ਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਅਨੁਸਾਰ ਵੱਧ ਜਾਂ ਘੱਟ ਹੋ ਸਕਦੇ ਹਨ ਅਤੇ ਪਾਲਸੀਧਾਰਕ/ਬੀਮੇ ਵਾਲਾ ਵਿਅਕਤੀ ਆਪਣੇ ਫ਼ੈਸਲਿਆਂ ਲਈ ਆਪ ਜ਼ਿੰਮੇਵਾਰ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਕੇਵਲ ਬੀਮਾ ਕੰਪਨੀ ਦਾ ਨਾਂ ਹੈ ਅਤੇ ਐਸਬੀਆਈ ਲਾਈਫ਼ - ਸਮਾਰਟ ਵੈਲਥ ਬਿਲਡਰ ਕੇਵਲ ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਤਰ੍ਹਾਂ ਪਾਲਸੀਆਂ ਦੇ ਮਿਆਰ, ਇਸ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਕਿਰਪਾ ਕਰਕੇ ਸਬੰਧਿਤ ਜੋਖਮ ਅਤੇ ਲਾਗੂ ਖ਼ਰਚੇ ਆਪਣੇ ਬੀਮਾ ਏਜੰਟ ਜਾਂ ਸਾਲਸ ਜਾਂ ਬੀਮਾ ਕੰਪਨੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼ ਤੋਂ ਪਤਾ ਕਰੋ। ਇਸ ਇਕਰਾਰਨਾਮੇ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਫ਼ੰਡ ਦੇ ਵਿਕਲਪਾਂ ਦੀ ਪਿਛਲੀ ਕਾਰਗੁਜ਼ਾਰੀ ਭਵਿੱਖ ਦੀ ਕਾਰਗੁਜ਼ਾਰੀ ਦੀ ਸੂਚਕ ਨਹੀਂ ਹੈ। ਇਸ ਪਾਲਸੀ ਦੇ ਅਧੀਨ ਅਦਾਯੋਗ ਸਾਰੇ ਲਾਭ ਕਰ ਕਾਨੂੰਨਾਂ ਅਤੇ ਸਮੇਂ-ਸਮੇਂ ਤੇ ਲਾਗੂ ਦੂਜੇ ਆਰਥਿਕ ਕਾਨੂੰਨਾਂ ਦੇ ਅਧੀਨ ਹਨ। ਵੇਰਵਿਆਂ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਦੀ ਸਲਾਹ ਲਓ। ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.

NW/1K/Cr1/ver1/12/21/SP/PUN